# ਧੀਆਂ ਨਹੀਂ ਹੁੰਦੀਆਂ ਭਾਰ

ਧੀਆਂ ਨਹੀਂ ਹੁੰਦੀਆਂ ਭਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ

ਧੀਆਂ ਬਾਝੋਂ ਕਰੋ ਕਲਪਨਾ
ਕੀ ਹੁੰਦਾ ਸੰਸਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ

ਬਾਬਲ ਦੀ ਪਗੜੀ ਦੀ ਖਾਤਰ
ਜਾਂਨ  ਵੀ ਦਿੰਦੀਆਂ ਵਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ

ਹੀਰਾਂ ਕਦੇ ਨਾਂ  ਵਾਰਸ ਬਣਦੀਆਂ
ਮਰਦਾਂ ਦਾ ਸੰਸਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ

ਪੁਤਰ  ਪੈਦਾ ਕਰਨ ਦੀ ਖਾਤਰ
ਕਰੇ  ਨਾ ਮਾਰੋ ਮਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ

ਪੁਤਰ ਵੇਚ ਕੇ ਸੁਖ ਨਾ ਖਰੀਦੋ
ਮਾੜਾ ਇਹ ਵਿਓਪਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ

ਪੁਤਰ ਅੱਜ ਦੇ ਮਾਰ ਉਡਾਰੀ
ਜਾਂਣ ਸਮੁੰਦਰ ਪਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ

ਮਰਦਾਂ ਨਾਲੋਂ ਘਟ ਨਹੀਂ ਕਿਧਰੇ
ਅੱਜ ਦੇ ਯੁਗ ਦੀ ਨਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ

ਧੀਆਂ ਕੁਰਬਾਨੀ ਦੀ ਮੂਰਤ
ਵੀਰਾਂ ਦਾ ਸੰਸਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ

ਧੀਆਂ ਫੁਲਾਂ ਵਾਂਗਰ ਕੋਮਲ
ਕਦੇ ਨਾਂ ਬਣਦੀਆਂ ਖਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ

ਬਿਨਾ ਸਵਾਰਥ ਧੀ ਦੀਆਂ ਗੱਲਾਂ
ਸੀਨਾ ਦੇਵਣ ਠਾਰ
ਮੇਰੇ ਦੋਸਤੋ ਧੀਆਂ ਨਹੀਂ ਹੁੰਦੀਆਂ ਭਾਰ